2025/43528

ਡੀ-1

# ELECTION CELL

ELECTORAL REGISTRATION OFFICER -CUM- ACA,BDA
093-BATHINDA RURAL(SC)
Phone/Fax No. 0164-5005429
Zila Parishad Complex-214
email:: bathindarural093ac@gmail.com

ਜਿੰਮੇਵਾਰ ਬਣੋ ਵੋਟਰ ਬਣੋ

No ਚਸ/2025 66 Dated 01/10/25

ਵੱਲ,

ਸਮੂਹ ਸੁਪਰਵਾਈਜ਼ਰ,
ਸਮੂਹ ਬੀ.ਐੱਲ.ਓਜ਼,
093- ਬਠਿੰਡਾ ਦਿਹਾਤੀ

ਵਿਸ਼ਾ:- ਸਬੰਧੀ। Special Intensive Revision (SIR) W.R.T 01.01.2026 ਦੇ ਸਬੰਧ ਵਿੱਚ ਬੀ.ਐੱਲ.ਓਜ਼ ਵੱਲੋਂ ਆਪਣੇ ਬੂਥਾਂ ਤੇ ਹਾਜਰ ਹੋਣ

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਦੇ ਨਿਰਦੇਸ਼ਾ ਅਨੁਸਾਰ Special Intensive Revision ਦਾ ਕੰਮ ਚੱਲ ਰਿਹਾ ਹੈ ਜਿਸ ਵਿੱਚ ਬੀ.ਐੱਲ.ਓਜ਼ ਦੁਆਰਾ ELECTOR WISE DATA ਪੋਰਟਲ ਤੇ ਅਪਡੇਟ ਕੀਤਾ ਜਾ ਰਿਹਾ ਹੈ। ਇਸ ਸਬੰਧੀ ਵਿਧਾਨ ਸਭਾ ਹਲਕਾ 093- ਬਠਿੰਡਾ ਦਿਹਾਤੀ ਦੇ ਸਮੂਹ ਸੁਪਰਾਵਾਈਜ਼ਰ ਅਤੇ ਬੀ.ਐੱਲ.ਓਜ਼ ਨੂੰ 04-10-2025 ਤੱਕ ਆਪਣੀ ਵਿਭਾਗੀ ਡਿਊਟੀ ਤੋਂ ਫਾਰਗ ਕੀਤਾ ਜਾਂਦਾ ਹੈ। ਮਿਤੀ 03-10-2025 ਅਤੇ 04-10-2025 ਦੌਰਾਨ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਬੀ.ਐੱਲ.ਓਜ਼ ਆਪਣੇ ਸਬੰਧਤ ਸੁਪਰਵਾਈਜ਼ਰ ਨਾਲ ਬੂਥ ਤੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੈਠ ਕੇ ਇਹ ਕੰਮ ਮੁਕੰਮਲ ਕਰਨ ਲਈ ਪਾਬੰਦ ਹੋਣਗੇ। ਇਸ ਦੀ ਚੈਕਿੰਗ ਕਦੇਂ ਵੀ ਇਸ ਹਲਕੇ ਦੇ ਚੋਣਕਾਰ ਰਜਿਸਟਰੇਸ਼ਨ ਅਫਸਰ ਸਾਹਿਬ / ਏ.ਈ.ਆਰ.ਓ ਵੱਲੋਂ ਕੀਤੀ ਜਾ ਸਕਦੀ ਹੈ। ਜਿਨ੍ਹਾ ਬੀ.ਐੱਲ.ਓਜ਼ ਵੱਲੋ ਆਪਣਾ ਕੰਮ ਮਿਤੀ 02-10-2025 ਤੱਕ ਪੂਰਾ ਕਰ ਲਿਆ ਗਿਆ ਹੈ, ਉਹਨਾਂ ਨੂੰ ਆਪਣੇ ਬੂਥ ਉੱਤੇ ਹਾਜਰ ਹੋਣ ਸਬੰਧੀ ਛੋਟ ਦਿੱਤੀ ਜਾਂਦੀ ਹੈ।

ਇਹ ਸਮੁੱਚਾ ਕੰਮ ਸੁਪਰਵਾਈਜ਼ਰ ਵੱਲੋਂ ਆਪਣੀ ਨਿਗਰਾਨੀ ਹੇਠ ਕਰਵਾਉਣਾ ਯਕੀਨੀ ਬਣਾਇਆ ਜਾਵੇ। ਅਣਗਹਿਲੀ ਦੀ ਜ਼ਿੰਮੇਵਾਰੀ ਸਬੰਧਤ ਸੁਪਰਵਾਈਜ਼ਰ ਦੀ ਹੋਵੇਗੀ।

ਨੋਟ:- ਇੱਥੇ ਇਹ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਮਿਤੀ 04-10-2025 ਤੱਕ ਇਹ ਕੰਮ ਮੁਕੰਮਲ ਕੀਤਾ ਜਾਵੇ ਕਿਉਂਕਿ ਮਿਤੀ 04-10-2025 ਤੋਂ ਬਾਅਦ ਇਸ ਕੰਮ ਲਈ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ। ਜੇਕਰ ਕਿਸੇ ਵੀ ਸੁਪਰਵਾਈਜ਼ਰ/ਬੀ.ਐੱਲ.ਓ ਵੱਲੋਂ ਦਫਤਰ ਡਿਊਟੀ ਤੋਂ ਫਾਰਗ ਹੋ ਕੇ ਵੀ ਉਕਤ ਕੰਮ ਨੂੰ ਨੇਪਰੇ ਨਹੀਂ ਚਾੜ੍ਹਿਆ ਗਿਆ ਤਾਂ ਉਸ ਕਰਮਚਾਰੀ ਦੇ ਖਿਲਾਫ ਮਾਨਯੋਗ ਭਾਰਤ ਚੋਣ ਕਮਿਸ਼ਨ ਜੀ ਦੀਆਂ ਹਦਾਇਤਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਚੋਣਕਾਰ ਰਜਿਸਟਰੇਸ਼ਨ ਅਫਸਰ,
093- ਬਠਿੰਡਾ ਦਿਹਾਤੀ।
ਮਿਤੀ 01/10/25

ਪਿੱਠ ਅੰਕਣ ਨੰ. ਚਸ/2025 67

ਉਪਰੋਕਤ ਦਾ ਉਤਾਰਾ:-

1. ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰ/ਐਲੀ.) ਬਠਿੰਡਾ, ਬਰਨਾਲਾ ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
3. ਸਮੂਹ ਵਿਭਾਗਾਂ ਦੇ ਮੁਖੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।
4. ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜ਼ਿਲ੍ਹਾ ਬਠਿੰਡਾ ਅਧੀਨ ਆਉਂਦੇ 093- ਬਠਿੰਡਾ ਦਿਹਾਤੀ ਦੀਆਂ ਪੋਲਿੰਗ ਬਿਲਡਿੰਗ/ਬੂਥਾਂ ਨੂੰ ਉਪਰੋਕਤ ਮਿਤੀਆਂ ਨੂੰ ਬੀ.ਐੱਲ.ਓਜ਼ ਲਈ ਖੁਲ੍ਹਾ ਰੱਖਿਆ ਜਾਵੇ ਅਤੇ ਲੋੜੀਂਦੀ ਪ੍ਰਬੰਧ ਕੀਤੇ ਜਾਣ।

-sd-
ਚੋਣਕਾਰ ਰਜਿਸਟਰੇਸ਼ਨ ਅਫਸਰ,
093- ਬਠਿੰਡਾ ਦਿਹਾਤੀ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 6541 ਮਿਤੀ 01/10/25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਲਿਖਕੇ ਭੇਜਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ [illegible] ਡਿਊਟੀ ਲਈ ਪਾਬੰਦ ਕਰਨਾ ਯਕੀਨੀ ਬਣਾਇਆ ਜਾਵੇ ।

01/10/25

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ
01/10/25